ਵਾਪਸੀ ਮਿਤੀ :

# ਪੰਜਾਬੀ - ਦੂਜੀ ਭਾਸ਼ਾ
# ਨਮੂਨੇ ਦਾ ਪ੍ਰਸ਼ਨ-ਪੱਤਰ

ਜਮਾਤ : ਅਠਵੀਂ
ਸੈਕਸ਼ਨ : ਏ ਤੋਂ ਐਮ
ਕੁੱਲ ਅੰਕ : 80

ਪਾਠਕ੍ਰਮ : ਅਣਡਿੱਠਾ ਪੈਰ੍ਹਾ, ਵਿਆਕਰਨ, ਕਹਾਣੀ ਫ਼ ਭੂਆ, ਰੂਪਨਗਰ, ਕਵਿਤਾ - ਉੱਦਮ ਕਰੀਂ ਜ਼ਰੂਰ, ਧਰਤੀ, ਲੇਖ ਅਤੇ ਪੱਤਰ।

ਨੋਟ : ਹੇਠ ਦਿੱਤੇ ਸੈਂਪਲ ਪੇਪਰ ਨੂੰ ਸ਼ੀਟਾਂ 'ਤੇ ਹੱਲ ਕਰੋ।

## ਭਾਗ - ੳ

1) ਅਣਡਿੱਠਾ ਪੈਰ੍ਹਾ :

ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (5)

ਮੱਕਾ ਮੁਕਰਮਾ ਸਾਊਦੀ ਅਰਬ ਦਾ ਬਹੁਤ ਪੁਰਾਣਾ ਤੇ ਮਸ਼ਹੂਰ ਸ਼ਹਿਰ ਹੈ। ਇਸ ਸ਼ਹਿਰ ਦੀ ਨੀਂਹ ਹਜ਼ਰਤ ਇਬਰਾਹਿਮ ਸਾਹਿਬ ਦੇ ਸਾਹਿਬਜ਼ਾਦੇ ਹਜ਼ਰਤ ਇਸਮਾਈਲ ਸਾਹਿਬ ਨੇ ਰੱਖੀ ਸੀ। ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਵੀ ਇਸੇ ਸ਼ਹਿਰ ਵਿੱਚ ਹੀ ਹੋਇਆ। ਮੱਕਾ ਸ਼ਹਿਰ ਪਹਾੜੀਆਂ ਦੇ ਵਿੱਚ ਵੱਸਿਆ ਹੋਇਆ ਹੈ। ਪਹਾੜ ਉਮਾਰ, ਹਿੰਦ, ਹਿਰਾ, ਸਫ਼ਾ ਅਤੇ ਮਰਬਾ ਇਸ ਸ਼ਹਿਰ ਦੇ ਮਸ਼ਹੂਰ ਪਹਾੜ ਹਨ। ਪਹਾੜ ਹਿਰਾ ਦੀ ਗੁਫ਼ਾ ਵਿੱਚ ਬੈਠ ਕੇ ਹਜ਼ਰਤ ਮੁਹੰਮਦ ਸਾਹਿਬ ਇਬਾਦਤ ਕਰਦੇ ਸਨ। ਮੱਕਾ ਸ਼ਹਿਰ ਮੁਸਲਮਾਨਾਂ ਦੇ ਧਰਮ ਇਸਲਾਮ ਦਾ ਕੇਂਦਰ ਬਿੰਦੂ ਹੈ। ਮੁਸਲਮਾਨਾਂ ਦੀ ਸਭ ਤੋਂ ਪੁਰਾਣੀ ਤੇ ਸਭ ਤੋਂ ਵੱਡੀ ਮਸਜਿਦ ਹਰਮ ਇਸੇ ਹੀ ਸ਼ਹਿਰ ਵਿੱਚ ਹੈ। ਖਾਨਾ ਕਾਬਾ ਜਿਸ ਵੱਲ ਰੁਖ਼ ਕਰਕੇ ਮੁਸਲਮਾਨ ਨਮਾਜ਼ ਪੜ੍ਹਦੇ ਹਨ, ਉਹ ਇਸੇ ਮਸਜਿਦ ਦੇ ਅੰਦਰ ਸਥਿਤ ਹੈ। ਹੱਜ ਦੇ ਦਿਨਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਦੁਨੀਆ ਭਰ ਤੋਂ ਮੁਸਲਮਾਨ ਮੱਕੇ ਪਹੁੰਚਦੇ ਹਨ। ਮੱਕਾ ਸ਼ਹਿਰ ਵਿੱਚ ਕੋਈ ਹਵਾਈ ਅੱਡਾ ਨਹੀਂ ਬਣਾਇਆ ਗਿਆ, ਸ਼ਾਇਦ ਸੁਰੱਖਿਆ ਕਾਰਨਾਂ ਕਰਕੇ। ਅਰਬ ਵਿੱਚ ਭਾਰਤ ਦੀ ਤਰ੍ਹਾਂ ਸਿੱਧੇ ਤੌਰ 'ਤੇ ਪੀ ਲੈਣ ਵਾਲਾ ਪਾਣੀ ਨਹੀਂ ਮਿਲਦਾ। ਜ਼ਮੀਨ ਵਿੱਚੋਂ ਤੇਲ ਮਿਲ਼ਿਆ ਪਾਣੀ ਨਿਕਲਦਾ ਹੈ ਜਿਸਨੂੰ ਵੱਡੇ ਪਲਾਂਟਾਂ ਰਾਹੀਂ ਸਾਫ਼ ਕਰਕੇ ਪੀਣ ਯੋਗ ਬਣਾਇਆ ਜਾਂਦਾ ਹੈ। ਇਸ ਕਰਕੇ ਉੱਥੇ ਪੀਣ ਵਾਲ਼ਾ ਪਾਣੀ ਕਾਫ਼ੀ ਮਹਿੰਗਾ ਮਿਲਦਾ ਹੈ। ਖਾਨਾ ਕਾਬਾ ਦੇ ਕੋਲ਼ ਜ਼ਮ-ਜ਼ਮ ਨਾਂ ਦੇ ਚਸ਼ਮੇ ਵਿੱਚ ਪੀਣ ਵਾਲਾ ਸੁਆਦਲਾ ਪਾਣੀ ਨਿਕਲਦਾ ਹੈ। ਇਸਲਾਮੀ ਧਰਮ ਗ੍ਰੰਥਾਂ ਅਨੁਸਾਰ ਇਹ ਚਸ਼ਮਾ ਹਜ਼ਰਤ ਇਸਮਾਈਲ ਸਾਹਿਬ ਵਾਸਤੇ ਅੱਲਾ ਵੱਲੋਂ ਜਾਰੀ ਕੀਤਾ ਗਿਆ ਸੀ। ਅੱਜ ਵੀ ਲੋਕ ਇੱਥੋਂ ਦਾ ਪਾਣੀ ਪੀਣਾ ਸੁਭਾਗ ਸਮਝਦੇ ਹਨ।

ੳ) ਮੱਕਾ ਮੁਕਰਮਾ ਸ਼ਹਿਰ ਦੀ ਨੀਂਹ ਕਿਸਨੇ ਰੱਖੀ ਸੀ?

ਅ) ਖਾਨਾ ਕਾਬਾ ਕਿਹੜੀ ਮਸਜਿਦ ਦੇ ਅੰਦਰ ਸਥਿਤ ਹੈ?

ੲ) ਅਰਬ ਦੇਸ਼ਾਂ ਵਿੱਚ ਪਾਣੀ ਮਹਿੰਗਾ ਹੋਣ ਦੇ ਕੀ ਕਾਰਨ ਹਨ?

ਸ) ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਕਿਹੜੇ ਸ਼ਹਿਰ ਵਿੱਚ ਹੋਇਆ?

ਹ) ਹਜ਼ਰਤ ਮੁਹੰਮਦ ਸਾਹਿਬ ਕਿਸ ਪਹਾੜ ਦੀ ਗੁਫ਼ਾ ਵਿੱਚ ਬੈਠ ਕੇ ਇਬਾਦਤ ਕਰਿਆ ਕਰਦੇ ਸਨ?

## ਭਾਗ ਅ

2) ਵਿਆਕਰਨ 'ਤੇ ਅਧਾਰਤ ਪ੍ਰਸ਼ਨ

1) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: ਦਿਓਰ, ਮਾਸਟਰ, ਬਲਦ, ਟੋਕਰਾ (2)

2) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: ਸਹੇਲੀ, ਤਸਵੀਰ, ਤੱਕੜੀ, ਕਵਿਤਾ (2)

3) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (2)

ਹੰਕਾਰ, ਭਲਾਈ, ਪਾਪ, ਧਨੀ

4) ਹੇਠ ਲਿਖੇ ਬਹੁਅਰਥਕ ਸ਼ਬਦਾਂ ਦੇ ਦੋ-ਦੋ ਅਰਥ ਲਿਖੋ: (2)

ਧੱਕਾ, ਫੁੱਟ

5) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ: (3)

ਧੂੰ ਨਾ ਕੱਢਣਾ, ਮਾਤਾ ਦਾ ਮਾਲਾ ਹੋਣਾ, ਵਾਲ਼ ਦੀ ਖੱਲ ਲਾਹੁਣੀ

6) ਹੇਠ ਲਿਖੇ ਅਗੇਤਰ ਲਾ ਕੇ ਦੋ-ਦੋ ਸ਼ਬਦ ਲਿਖੋ: (3)

ਖ਼ੁਸ਼, ਦੁਰ, ਬਾ

7) ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਚੁਣੋ ਅਤੇ ਕਿਸਮ ਵੀ ਲਿਖੋ: (3)

ੳ) ਅੰਮ੍ਰਿਤਸਰ ਦੁਨੀਆਂ ਦਾ ਪਵਿੱਤਰ ਸ਼ਹਿਰ ਹੈ।

ਅ) ਮੈਨੂੰ ਸਵੇਰੇ ਦੁੱਧ ਪੀਣ ਦੀ ਆਦਤ ਹੈ।

ੲ) ਗਰਮੀ ਵਿੱਚ ਰਹਿਣਾ ਬਹੁਤ ਔਖਾ ਹੈ।

8) ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਚੁਣੋ ਅਤੇ ਕਿਸਮ ਵੀ ਲਿਖੋ: (3)

ੳ) ਉਹ ਭਾਰਤ ਲਈ ਖੇਡਦਾ ਹੈ।

ਅ) ਰਵੀ ਆਪ ਬੱਚਿਆਂ ਦੀ ਸੁਲ੍ਹਾ ਕਰਵਾਏਗਾ।

ੲ) ਉਸਨੂੰ ਚੁੱਕ ਕੇ ਦੂਰ ਸੁੱਟ ਦਿਓ।

3) ਪਾਠ ਪੁਸਤਕ 'ਤੇ ਅਧਾਰਤ ਪ੍ਰਸ਼ਨ/ ਉੱਤਰ

1) ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ: (3)

ਸਿਫ਼ਤਾਂ, ਸੁਮੇਲ, ਬਾਬਤ, ਅੰਬਰਸਰ, ਲੱਪ, ਹੀਹ

2) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (3)

ਮੇਹਨਤ, ਕੈਹਦਾ, ਵਿਧਿਆਰਥੀ, ਚਾਹਿਦਾ, ਦੁਪੈਹਰ, ਅਦੀਆਪਕ

3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਸ਼ਬਦਾਂ ਵਿੱਚ ਲਿਖੋ: (6)

1) ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੇ ਪਿੰਡ ਦੇ ਭੱਠੇ 'ਤੇ ਵਿਸ਼ਰਾਮ ਕੀਤਾ?

2) ਪਾਠ 'ਭੂਆ' ਵਿੱਚ ਲੇਖਕ ਨੇ ਵਿਆਹ ਵਾਲੇ ਘਰ ਕਿੰਨੀਆਂ ਰਾਤਾਂ ਕੱਟੀਆਂ?

3) ਭੂਆ ਨੇ ਲੇਖਕ ਨੂੰ ਮਿੱਠੇ ਵਿੱਚ ਖਾਣ ਲਈ ਕੀ ਦਿੱਤਾ?

4) ਅੱਧੀ ਛੁੱਟੀ ਵੇਲ਼ੇ ਲੇਖਕ ਲਈ ਉਸਦੀ ਭੂਆ ਕੀ ਲੈ ਕੇ ਆਇਆ ਕਰਦੀ ਸੀ?

5) ਰੂਪਨਗਰ ਸ਼ਹਿਰ ਕਿਹੜੀਆਂ ਪਹਾੜੀਆਂ ਦੇ ਪੈਰਾਂ ਵਿੱਚ ਵੱਸਿਆ ਹੋਇਆ ਹੈ?

6) ਰੂਪ ਨਗਰ ਦਾ ਪਹਿਲਾਂ ਨਾਂ ਕੀ ਸੀ?

4) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਸਤਰਾਂ ਵਿੱਚ ਲਿਖੋ: **(2×5=10)**

ੳ) ਰੂਪ ਨਗਰ ਸ਼ਹਿਰ ਦਾ ਸੰਬੰਧ ਭਾਰਤ ਦੀ ਪੁਰਾਤਨ ਸੱਭਿਅਤਾ ਨਾਲ ਕਿਵੇਂ ਜੁੜਿਆ ਹੋਇਆ ਹੈ?

ਅ) ਰੂਪਨਗਰ ਹੈੱਡਵਰਕਸ ਦਾ ਦ੍ਰਿਸ਼ ਕਿਹੋ ਜਿਹਾ ਹੈ?

ੲ) ਲੇਖਕ ਨੂੰ ਤੀਹ ਪੈਂਤੀ ਵਰ੍ਹੇ ਪਹਿਲਾਂ ਦੀਆਂ ਕਿਹੜੀਆਂ ਗੱਲਾਂ ਯਾਦ ਸਨ?

ਸ) ਲੇਖਕ ਨੇ ਦੁੱਧ ਦਾ ਭਰਿਆ ਛੰਨਾ ਹੀਹ ਉੱਤੇ ਕਿਉਂ ਰੱਖਿਆ ਸੀ?

ਹ) 'ਮੂਸਾ ਮੌਤ ਤੋਂ ਭੱਜਿਆ, ਅੱਗੇ ਮੌਤ ਖੜੀ, ਵਾਲ਼ੀ ਗੱਲ ਲੇਖਕ ਉੱਪਰ ਕਿਵੇਂ ਢੁਕਦੀ ਸੀ?

5) ਹੇਠ ਲਿਖੇ ਪ੍ਰਸ਼ਨ ਦਾ ਉੱਤਰ 7-8 ਸਤਰਾਂ ਵਿੱਚ ਲਿਖੋ: (5)

'ਰੂਪ ਨਗਰ' ਸ਼ਹਿਰ ਦੀ ਮਹੱਤਤਾ ਦਰਸਾਉਂਦਾ ਪੈਰ੍ਹਾ ਲਿਖੋ।

6) ਕਵਿਤਾ 'ਤੇ ਅਧਾਰਤ ਪ੍ਰਸ਼ਨ : **(5+5=10)**

ਮੈਂ ਸੂਰਜ ਤੋਂ ਹੋਈ ਪੈਦਾ, ਦੁਆਲੇ ਘੁੰਮਣਾ ਮੱਕਾ ਕਾਇਦਾ।
ਗਰਮੀ, ਮੀਂਹ, ਬਸੰਤ, ਸਿਆਲ, ਆ ਕੇ ਪੁੱਛਣ ਮੇਰਾ ਹਾਲ।
ਲਾਟੂ ਵਾਂਗੂੰ ਧੁਰੀ ਦੁਆਲੇ, ਰਹਾਂ ਘੁੰਮਦੀ ਆਪਣੇ ਚਾਲੇ।

ਘੁੰਮਣ ਕਾਰਨ ਦਿਨ ਤੇ ਰਾਤ, ਵਾਰੋ ਵਾਰੀ ਮਾਰਨ ਝਾਤ।
ਮੈਂ ਹਾਂ ਆਂਡੇ ਵਾਕਰ ਗੋਲ਼, ਪਾਇਆ ਮੈਂ ਵਾਯੂ ਦਾ ਖੋਲ।
ਗੈਸਾਂ ਕਈ ਵਾਯੂ ਦੇ ਵਿੱਚ, ਰੱਖਾਂ ਮੈਂ ਆਪਣੇ ਵੱਲ ਖਿੱਚ।
ਇਹ ਹੈ ਮੇਰੀ ਕਥਾ ਕਹਾਣੀ, ਮੈਂ ਸੂਰਜ ਦੀ ਬੇਟੀ ਰਾਣੀ।
ਆਖਣ ਲੋਕ ਧਰਤੀ ਮਾਂ, ਮੈ ਤਾ ਰੈਣ ਬਸੇਰਾ ਹਾਂ।

ੳ) ਉਪਰੋਕਤ ਸਤਰਾਂ ਕਿਸ ਕਵਿਤਾ ਦੀਆਂ ਹਨ? ਕਵੀ ਦਾ ਨਾਂ ਲਿਖੋ ।

ਅ) ਰੁੱਤਾਂ ਕਿਵੇਂ ਬਦਲਦੀਆਂ ਹਨ?

ੲ) ਦਿਨ ਅਤੇ ਰਾਤ ਕਿਵੇਂ ਬਣਦੇ ਹਨ?

ਸ) 'ਕਾਇਦਾ' ਸ਼ਬਦ ਦਾ ਅਰਥ ਸਪੱਸ਼ਟ ਕਰੋ।

ਕਵਿਤਾ : 'ਉੱਦਮ ਕਰੀ ਜ਼ਰੂਰ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

## ਭਾਗ (ਸ) ਲਿਖਤੀ ਭਾਗ

1) ਪੱਤਰ : ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਮੰਗਤਿਆਂ ਦੀ ਸਮੱਸਿਆ ਸੰਬੰਧੀ ਆਪਣੇ ਵਿਚਾਰ ਇੱਕ ਪੱਤਰ ਰਾਹੀਂ ਪ੍ਰਗਟ ਕਰੋ। (8)

2) ਹੇਠ ਲਿਖੇ ਨੁਕਤਿਆਂ ਦੇ ਅਧਾਰ 'ਤੇ ਲੇਖ 'ਸਮਾਜ ਵਿੱਚ ਔਰਤ ਦਾ ਸਥਾਨ' ਲਿਖੋ: (10)

ਪ੍ਰਮੁੱਖ ਨੁਕਤੇ

ੳ) ਭੂਮਿਕਾ

ਅ) ਮਹਾਪੁਰਖਾਂ ਵੱਲੋਂ ਔਰਤ ਦੇ ਹੱਕ ਵਿੱਚ ਅਵਾਜ਼ ਉਠਾਉਣੀ

ੲ) ਔਰਤਾਂ ਦਾ ਸਮਾਜਕ ਵਿਕਾਸ ਵਿੱਚ ਯੋਗਦਾਨ

ਸ) ਔਰਤਾਂ ਵਿੱਚ ਜਾਗ੍ਰਿਤੀ

ਹ) ਸਾਰ ਅੰਸ਼

to be uploaded
23/05/18